# ਤਿਆਰ, ਚਲੋ, ਸਿੱਖੋ

ਪਿਆਰੇ ਪਰਿਵਾਰੋ:

ਤਿਆਰ, ਚਲੋ, ਸਿੱਖੋ ਵਿਚ ਤੁਹਾਡਾ ਸੁਆਗਤ ਹੈ – ਜੋ ਕਿ ਤਿੰਨ ਸਾਲਾਂ ਦੇ ਬੱਚਿਆਂ ਨੂੰ ਸਕੂਲ ਜਾਣ ਲਈ ਤਿਆਰ ਕਰਨ ਵਿਚ ਮਦਦ ਕਰਨ ਲਈ ਇਕ ਪ੍ਰੋਗਰਾਮ ਹੈ।

ਪੜ੍ਹਾਈ ਘਰ ਤੋਂ ਸ਼ੁਰੂ ਹੁੰਦੀ ਹੈ ਅਤੇ ਤਿਆਰ, ਚਲੋ, ਸਿੱਖੋ ਇਕ ਅਜਿਹਾ ਜ਼ਰੀਆ ਹੈ ਜਿਸ ਦੀ ਵਰਤੋਂ ਪਰਿਵਾਰ ਵੱਧ ਤੋਂ ਵੱਧ ਪ੍ਰਾਪਤੀਆਂ ਕਰਨ ਵਿਚ ਬੱਚਿਆਂ ਦੀ ਮਦਦ ਲਈ ਕਰ ਸਕਦੇ ਹਨ। ਬ੍ਰਿਟਿਸ਼ ਕੋਲੰਬੀਆ ਭਰ ਵਿਚ ਐਲੀਮੈਂਟਰੀ ਸਕੂਲਾਂ ਨੂੰ ਤਿੰਨ ਸਾਲਾਂ ਦੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਤਿਆਰ, ਚਲੋ, ਸਿੱਖੋ ਦੀ ਮੇਜ਼ਬਾਨੀ ਕਰਨ ਵਾਲੇ ਓਪਨ ਹਾਊਸ ਲਾਉਣ ਦਾ ਸੱਦਾ ਦਿੱਤਾ ਗਿਆ ਹੈ। ਇਸ ਦੇ ਇਕ ਹਿੱਸੇ ਵਜੋਂ, ਘਰ ਵਿਚ ਤੁਹਾਡੇ ਬੱਚੇ ਦੀ ਮਦਦ ਲਈ ਤੁਹਾਨੂੰ ਇਹ ਕਿੱਟ ਦੇ ਕੇ ਸਾਨੂੰ ਖੁਸ਼ੀ ਹੋ ਰਹੀ ਹੈ।

ਹਰ ਬੱਚੇ ਦੀ ਸਕੂਲ ਅਤੇ ਜ਼ਿੰਦਗੀ ਵਿਚ ਕਾਮਯਾਬੀ ਲਈ ਪੜ੍ਹਨਾ ਇਕ ਆਧਾਰ ਹੈ, ਅਤੇ ਇਸ ਕਰਕੇ ਹੀ ਇਸ ਕਿੱਟ ਵਿਚ *ਐਨੀਮਾਸ਼ੀਨਜ਼* ਦੀ ਇਕ ਕਾਪੀ ਸ਼ਾਮਲ ਕੀਤੀ ਗਈ ਹੈ – ਜੋ ਕਿ ਛੋਟੇ ਪਾਠਕਾਂ ਲਈ ਇਕ ਕਿਤਾਬ ਹੈ। ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਇਸ ਕਿਤਾਬ ਦਾ ਆਪਣੇ ਬੱਚੇ ਨਾਲ ਆਨੰਦ ਮਾਣਨ ਲਈ ਖਾਸ ਸਮਾਂ ਕੱਢੋ ਅਤੇ ਕਹਾਣੀ ਅਤੇ ਤਸਵੀਰਾਂ ਬਾਰੇ ਗੱਲਬਾਤ ਕਰੋ।

ਇਸ ਦੇ ਨਾਲ ਹੀ ਤੁਹਾਨੂੰ *ਤਿਆਰ, ਚਲੋ, ਸਿੱਖੋ – ਆਪਣੇ ਸਕੂਲ ਜਾਣ ਤੋਂ ਪਹਿਲਾਂ ਦੀ ਉਮਰ ਦੇ ਬੱਚੇ ਨੂੰ ਸਕੂਲ ਲਈ ਤਿਆਰ ਕਰਨਾ* ਦੀ ਇਕ ਕਾਪੀ ਵੀ ਦਿੱਤੀ ਗਈ ਹੈ ਅਤੇ ਇਹ ਕਿਤਾਬ ਉਨ੍ਹਾਂ ਸੌਖੇ ਤਰੀਕਿਆਂ ਨਾਲ ਭਰੀ ਪਈ ਹੈ ਜਿਹੜੇ ਤੁਸੀਂ ਆਪਣੇ ਬੱਚੇ ਨੂੰ ਸਕੂਲ ਲਈ ਤਿਆਰ ਕਰਨ ਲਈ ਵਰਤ ਸਕਦੇ ਹੋ। ਸੁਝਾਏ ਗਏ ਕੁਝ ਤਰੀਕੇ ਆਪਣੇ ਬੱਚੇ 'ਤੇ ਵਰਤਣ ਲਈ ਕਿਰਪਾ ਕਰਕੇ ਆਪਣਾ ਸਮਾਂ ਕੱਢੋ। ਉਤਸ਼ਾਹਤ ਹੋਵੋ ਅਤੇ ਸ਼ੁਗਲ ਕਰੋ।

ਤਿਆਰ, ਚਲੋ, ਸਿੱਖੋ, ਪੜ੍ਹਨ ਦੀਆਂ ਉਨ੍ਹਾਂ ਬਹੁਤ ਸਾਰੀਆਂ ਸਰਗਰਮੀਆਂ ਉੱਪਰ ਆਧਾਰਿਤ ਹੈ ਜਿਹੜੀਆਂ ਕਿ ਪਹਿਲਾਂ ਹੀ ਬੀ.ਸੀ. ਦੇ ਪਰਿਵਾਰਾਂ ਅਤੇ ਕਮਿਉਨਟੀਆਂ ਵਿਚ ਹੋ ਰਹੀਆਂ ਹਨ। ਇਹ ਪ੍ਰੋਗਰਾਮ ਬੀ.ਸੀ. ਨੂੰ ਇਸ ਮਹਾਂਦੀਪ ਵਿਚ ਸੱਭ ਤੋਂ ਵੱਧ ਪੜ੍ਹਿਆ ਲਿਖਿਆ ਇਲਾਕਾ ਬਣਾਉਣ ਦੇ ਟੀਚੇ ਨੂੰ ਪੂਰਾ ਕਰਨ ਦੇ ਤਰੀਕਿਆਂ ਵਿਚੋਂ ਸਿਰਫ ਇਕ ਹੈ ਅਤੇ ਸਾਨੂੰ ਆਸ ਹੈ ਕਿ ਤੁਹਾਨੂੰ ਇਹ ਕਿੱਟ ਮਦਦ ਕਰਨ ਵਾਲੀ ਲੱਗੇਗੀ।

ਜੇ ਤੁਹਾਡੇ ਮਨ ਵਿਚ ਆਪਣੀ ਸ਼ਮੂਲੀਅਤ ਵਾਲੇ ਤਿਆਰ, ਚਲੋ, ਸਿੱਖੋ ਨਾਂ ਦੇ ਓਪਨ ਹਾਊਸ ਬਾਰੇ ਕੋਈ ਵਿਚਾਰ ਹੋਣ ਤਾਂ ਕਿਰਪਾ ਕਰਕੇ ਸਕੂਲ ਦੇ ਪ੍ਰਿੰਸੀਪਲ ਨਾਲ ਸੰਪਰਕ ਕਰੋ ਤਾਂ ਜੋ ਮਨਿਸਟਰੀ ਆਫ ਐਜੂਕੇਸ਼ਨ ਨੂੰ ਸਕੂਲ ਵਲੋਂ ਭੇਜੀ ਜਾਣ ਵਾਲੀ ਰਿਪੋਰਟ ਵਿਚ ਤੁਹਾਡੇ ਵਿਚਾਰ ਸ਼ਾਮਲ ਕੀਤੇ ਜਾ ਸਕਣ।

ਇਸ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿ ਤੁਸੀਂ ਆਪਣੇ ਬੱਚੇ ਦੀ ਮਦਦ ਕਿਵੇਂ ਕਰ ਸਕਦੇ ਹੋ, ਕਿਰਪਾ ਕਰਕੇ ਅਚੀਵ ਬੀ ਸੀ ਦਾ ਵੈੱਬਸਾਈਟੇ ਦੇਖੋ (**www.achievebc.ca**)

ਤਿਆਰ ਹੋਵੋ... ਚਲੋ... ਅਤੇ ਸਿੱਖੋ

Shirley Bond

George Abbott

ਸ਼ਰਲੀ ਬੌਂਡ
ਮਨਿਸਟਰ ਆਫ ਐਜੂਕੇਸ਼ਨ ਐਂਡ ਡਿਪਟੀ ਪ੍ਰੀਮੀਅਰ (ਅਤੇ ਮਨਿਸਟਰ ਰਿਸਪੌਂਸੀਬਲ ਫਾਰ ਅਰਲੀ ਲਰਨਿੰਗ ਐਂਡ ਲਿਟਰੇਸੀ)

ਟੌਮ ਕਰਿਸਟਨਸਨ
ਮਨਿਸਟਰ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ

ਜੌਰਜ ਐਬਟ
ਮਨਿਸਟਰ ਆਫ ਹੈਲਥ

BRITISH COLUMBIA
The Best Place on Earth

[Punjabi]